ਰਾਜ ਸਭਾ ਲਈ ਚੁਣੇ ਜਾਣ ਵਾਲੇ ਪੰਜ ਮੰਤਰੀਆਂ ਵਿੱਚੋਂ ਇੱਕ ਦੀ ਸੀਟ ਖ਼ਤਰੇ 'ਚ

ਚੰਡੀਗੜ੍ਹ, 6 ਮਾਰਚ (ਹਰੀਸ਼ ਚੰਦਰ ਬਾਗਾਂਵਾਲਾ)-ਰਾਜ ਸਭਾ ਵਿੱਚ ਫੇਰ ਤੋਂ ਮੁੜ ਤੋ ਜਾਣਦੇ ਇੱਛੁਕ ਡਾ. ਮਨਮੋਹਨ ਸਿੰਘ ਸਰਕਾਰ ਦੇ ਪੰਜ ਮੰਤਰੀਆਂ ਵਿੱਚ ਸਿਰਫ ਹਿਮਾਚਲ ਪ੍ਰਦੇਸ਼ ਨਾਲ ਸੰਬੰਧਤ ਆਨੰਦ ਸ਼ਰਮਾ ਦੀ ਸੀਟ ਖਤਰੇ ਵਿੱਚ ਪਈ ਹੈ। ਅਗਰ ਉਹ ਰਾਜ ਸਭਾ ਵਿੱਚ ਜਾਣ ਲਈ ਅਫਸਰ ਰਹੇ ਤਾਂ ਉਨ੍ਹਾਂ ਦਾ ਮੰਤਰੀ ਪਦ ਖਤਰੇ ਵਿੱਚ ਪੈ ਜਾਵੇਗਾ। ਸਮੱਸਿਆ ਇਹ ਹੈ ਕਿ ਕੋਈ ਵੀ ਸੂਬਾ ਉਨ੍ਹਾਂ ਨੂੰ ਚੋਣ ਲੜਾਉਣ ਲਏ ਆਪਣੇ ਰਾਜ ਵਿੱਚ ਤਿਆਰ ਨਹੀਂ ਹੈ। ਕੇਂਦਰੀ ਮੰਤਰੀ ਮੰਡਲ ਵਿੱਚੋਂ ਉਨ੍ਹਾਂ ਨੂੰ ਹਟਾਉਣ ਲਈ ਪੂਰੀ ਲਾਬਿਰਸੀ ਚੱਲ ਰਹੀ ਹੈ। ਇੱਕ ਮੀਟ ਲਈ ਕਾਂਗਰਸ ਦਾ ਬਹੁਮਤ ਨਹੀਂ ਹੈ। ਹਿਮਾਚਲ ਪ੍ਰਦੇਸ਼ ਵਿੱਚ ਭਾਜਪਾ ਦਾ ਸ਼ਾਸਨ ਹੈ। ਉਥੇ ਉਹ ਜਿੱਤ ਨਹੀਂ ਸਕਦੇ। ਸੀਟਾਂ ਦੀ ਲੜਾਈ ਹਰਿਆਣਾ, ਪੰਜਾਬ ਅਤੇ ਮੱਧ ਪ੍ਰਦੇਸ, ਰਾਜਸਥਾਨ ਸਮੇਤ ਚੋਣਾਂ ਹੋਣ ਵਾਲੇ ਸਾਰੇ ਰਾਜਾਂ ਵਿੱਚ ਹੈ। ਆਨੰਦ ਸ਼ਰਮਾ ਹਰਿਆਣਾ ਜਾਣਾ ਚਾਹੁੰਦੇ ਹਨ, ਪ੍ਰੰਤੂ ਇਸੀ ਸਾਲ ਗਾਂਧੀ ਨਹਿਰੂ, ਪਰਿਵਾਰ ਦੇ ਨਜ਼ਦੀਕੀ ਕੈਪਟਨ ਸਤੀਸ਼ ਸ਼ਰਮਾ ਜੋ ਰਿਟਾਇਰਡ ਹੋਣ ਜਾ ਰਹੇ ਹਨ, ਉਹ ਹਰਿਆਣਾ ਤੋਂ ਰਾਜ ਸਭਾ ਮੈਂਬਰ ਬਣਨ ਜਾ ਰਹੇ ਹਨ। ਉਹ ਹਰਿਆਣਾ ਰਾਜ ਦੇ ਸਥਾਈ ਵਸਨੀਕ ਹਨ। ਵਿਧਾਨ ਸਭਾ ਚੋਣਾਂ ਵਿੱਚ ਉਮ ਪ੍ਰਕਾਸ਼ ਚੌਟਾਲਾ ਤੋਂ ਹਾਰੇ ਹੋਏ ਸੀਨੀਅਰ ਕਾਂਗਰਸੀ ਨੇਤਾ ਚੌਧਰੀ ਬਰਿੰਦਰ ਸਿੰਘ ਵੀ ਰਾਜ ਸਭਾ ਵਿੱਚ ਜਾਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਖੁਸ਼ਕਿਸਮਤੀ ਨਾਲ ਮੱਧ ਪ੍ਰਦੇਸ਼ ਤੋਂ ਵੀ ਕਾਂਗਰਸ ਇੱਕ ਸੀਟ ਜਿੱਤ ਸਕਦੀ ਹੈ। ਅਗਰ ਆਨੰਦ ਸ਼ਰਮਾ ਹਰ ਪਾਸੇ ਤੋਂ ਟਿਕਟ ਲੈਣ ਲਈ ਅਸਫਲ ਰਹੇ ਹਨ। ਉਹ ਮੱਧ ਪ੍ਰਦੇਸ਼ ਤੋਂ ਇਹ ਸੀਟ ਹਾਸਲ ਕਰਨ ਦਾ ਪੂਰਾ ਜ਼ੋਰ ਲਗਵਾਉਣਗੇ। ਜਦੋਂ ਕਿ ਇਸ ਸੀਟ ਲਈ ਮੱਧ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਰੇਸ਼ ਪੰਚੌਰੀ ਵੱਡੇ ਦਾਅਵੇਦਾਰ ਹੈ। ਜਦੋਂ ਕਿ ਸਾਬਕਾ ਮੁੱਖ ਮੰਤਰੀ ਦਿਗਵਿਜੈ ਸਿੰਘ ਵੀ ਲਾਈਨ ਵਿੱਚ ਹੈ। ਦਿਗਰਾਜ ਸਾਹਿਬ ਕਦੇ ਪਿਛਲੇ ਦਰਵਾਜ਼ੇ ਤੋਂ ਭਰੀ ਗਈ, ਪਰ ਇਸ ਵਾਰ ਉਹ ਰਾਜ ਸਭਾ ਵਿੱਚ ਜਾਣਾ ਚਾਹੁੰਦੇ ਹਨ। ਰਾਹੁਲ ਗਾਂਧੀ ਦੇ ਨਜ਼ਦੀਕੀ ਉਸ ਨੂੰ ਦੌੜ ਵਿੱਚ ਸਭ ਤੋਂ ਅੱਗੇ ਰੱਖਦੇ ਹਨ। ਕੈਪਟਨ ਸਤੀਸ਼ ਸ਼ਰਮਾ ਦੀ ਨਜ਼ਰ ਮੱਧ ਪ੍ਰਦੇਸ਼ ਦੀ ਸੀਟ 'ਤੇ ਵੀ ਹੈ। ਆਨੰਦ ਸ਼ਰਮਾ ਸ਼ਰਦ ਪਵਾਰ ਸਮੇਤ ਮਹਾਂਰਾਸ਼ਟਰ ਦੇ ਕਾਂਗਰਸੀ ਨੇਤਾਵਾਂ ਨਾਲ ਵੀ ਸੰਪਰਕ ਬਣਾਈ ਰੱਖਦੇ ਹਨ। ਉਨ੍ਹਾਂ ਦਾ ਨਾਂਅ ਅਸਾਮ ਪ੍ਰਦੇਸ਼ ਕਾਂਗਰਸ ਕਮੇਟੀ ਅੱਗੇ ਵੀ ਆਇਆ ਹੈ। ਅਗਰ ਰਾਜ ਇਕਾਈ ਕਾਂਗਰਸ ਹਾਈ ਕਮਾਂਡ ਦੀ ਗੱਲ ਮੰਨਣ ਨੂੰ ਤਿਆਰ ਹੋਵੇ। ਕਿਉਂਕਿ ਆਸਾਮ ਪ੍ਰਦੇਸ਼ ਕਾਂਗਰਸ ਕਮੇਟੀ ਡਾ. ਮਨਮੋਹਨ ਸਿੰਘ ਤੋਂ ਜਲਦ ਹੀ ਕਿਸੇ ਨੂੰ ਵੀ ਇੱਥੋਂ ਚੋਣ ਲਈ ਸਹਿਣ ਕਰਨ ਨੂੰ ਤਿਆਰ ਨਹੀਂ ਹੈ। ਪਾਰਟੀ ਵਿੱਚ ਇੱਕ ਨਵਾਂ ਵਿਚਾਰ ਉਭਰ ਰਿਹਾ ਹੈ ਕਿ ਅਮਰ ਆਨੰਦ ਸ਼ਰਮਾ ਮੁੜ ਤੋਂ ਰਾਜ ਸਭਾ ਵਿੱਚ ਪਹੁੰਚਣ ਤੋਂ ਨਕਾਮ ਰਹਿੰਦੇ ਹਨ। ਉਨ੍ਹਾਂ ਨੂੰ ਹਿਮਾਚਲ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ ਜਾਵੇ। ਤਾਂ ਕਿ ਉਹ ਰਾਜ ਵਿੱਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰ ਸਕੇ ਅਤੇ ਰਾਜ ਦੇ ਅਗਲੇ ਸੂਬਾਈ ਮੁੱਖ ਮੰਤਰੀ ਬਣ ਸਕੇ। ਕੁਲ ਮਿਲਾ ਕੇ ਇਸ ਸਮੇਂ ਰਾਜ ਸਭਾ ਲਈ ਟਿਕਟ ਲੈਣ ਲਈ ਕਾਂਗਰਸ ਵਿੱਚ ਕਈ ਪੰਜਾਬ ਦੇ ਨੇਤਾ ਵੀ ਸਰਗਰਮ ਹਨ।

ਪੁਲਸ-ਪਬਲਿਕ ਮੀਟਿੰਗ 'ਚ ਲੋਕਾਂ ਤੋਂ ਸਹਿਯੋਗ ਮੰਗਿਆ

ਭਦੌੜ, 6 ਮਾਰਚ (ਸੁਰਿੰਦਰ ਬੱਤਾ)- ਸਮਾਜ ਅੰਦਰ ਭੈੜੀਆਂ ਆਦਤਾਂ ਨੂੰ ਹੁਲਾਰਾ ਦੇਣ ਵਾਲੇ ਗਲਤ ਅਨਸਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਥਾਣਾ ਮੁਖੀ ਅਮਿਤ ਸੂਦ ਨੇ ਇਲਾਕੇ ਦੇ ਮੋਹਤਬਰ ਵਿਅਕਤੀ ਨਾਲ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਮਾੜੇ ਅਨਸਰਾਂ ਨਾਲ ਨਜਿੱਠਣ ਲਈ ਹਮੇਸ਼ਾ ਜਥੇਬੰਦੀਆਂ ਦੇ ਆਗੂ ਨੂੰ ਪੁਲਿਸ ਦਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਟ੍ਰੈਫਿਕ ਸਮੱਸਿਆ ਤੇ ਸੜਕ ਹਾਦਸਿਆਂ ਨੂੰ ਆਮ ਲੋਕਾਂ ਦੀ ਸਹਾਇਤਾ ਨਾਲ ਠੀਕ ਕੀਤਾ ਜਾ ਸਕਦਾ ਹੈ ਤੇ ਹਰੇਕ ਵਿਅਕਤੀ ਨੂੰ ਆਪਣੇ ਵਹੀਕਲਾਂ ਸਾਰੇ ਕਾਗਜ਼ਾਤ ਹਮੇਸ਼ਾ ਪੂਰੇ ਰੱਖਣੇ ਚਾਹੀਦੇ ਹਨ ਤਾਂ ਜੋ ਕਿਸੇ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਜਸਵੀਰ ਸਿੰਘ ਧੰਮੀ ਵਪਾਰੀ ਆਗੂ ਵਿਜੈ ਕੁਮਾਰ, ਜਨਰਲ ਕੌਂਸਲ ਦਾ ਮੈਂਬਰ ਡਾ. ਦਲਜੀਤ ਸਿੰਘ ਛੀਤਾ, ਕੈਮਿਸਟ ਯੂਨੀਅਨ ਦੇ ਪ੍ਰਧਾਨ ਡਾ. ਵਿਪਨ ਕੁਮਾਰ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

ਕਰਿਸ਼ਮਾ ਬਣੀ ਗੋਡਾ ਜੋੜਣ ਦੀ ਟੀਕੇਆਰ ਵਿਧੀ-ਡਾ. ਵਧਵਾ

ਗੋਡੇ ਬਦਲਾਉਣ ਬਾਅਦ ਜਲੰਧਰ 'ਚ ਪਾਇਆ ਭੰਗੜਾ

ਫੋਟੋ ਕੁਲਦੀਪ ਸਿੰਘ

ਜਲੰਧਰ 6 ਮਾਰਚ (ਸਰਬਜੀਤ ਵਾਲੀਆ) ਜ਼ਿੰਦਗੀ ਨੂੰ ਨਰਕ ਬਣਾ ਦੇਣ ਵਾਲੇ ਗੋਡਿਆਂ ਦੇ ਦਰਦ ਤੋਂ ਨਿਜਾਤ ਦੇਣ ਲਈ ਟਿਸ਼ੂ ਪ੍ਰਵੈਟਿੰਗ ਟੋਟਲ ਨੀ-ਸਰਜਰੀ (ਟੀਕੇਆਰ) ਵਿਸ਼ਵ ਦੀ ਅਜਿਹੀ ਆਧੁਨਿਕ ਇਲਾਜ ਵਿਧੀ ਸਾਬਤ ਹੋਈ ਹੈ ਜਿਸ ਉਪਰੰਤ ਮਰੀਜ ਇੱਕ ਤੰਦਰੁਸਤ ਵਿਅਕਤੀ ਵਾਂਗ ਜਿੰਦਗੀ ਦਾ ਆਨੰਦ ਮਾਣਦਾ ਹੈ। ਪਲੱਥੀ ਮਾਰ ਕੇ ਪਾਠ-ਪੂਜਾ ਅਤੇ ਗੋਡਿਆਂ ਭਾਰ ਨਮਾਜ ਅਦਾ ਕਰ ਸਕਦਾ ਹੈ। ਪੈਰਾਂ ਭਾਰ ਬੈਠਣ-ਉਠਣ ਤੋਂ ਇਲਾਵਾ ਗੱਭਰੂਆਂ ਵਾਂਗ ਜੋਸ਼ੀਲਾ ਭੰਗੜਾ ਪਾ ਸਕਦਾ ਹੈ। ਮੋਹਾਲੀ ਦੇ ਮਸ਼ਹੂਰ ਫੋਰਟਿਸ ਹਸਪਤਾਲ ਦੇ ਡਾਇਰੈਕਟਰ ਔਰਥੋਪੈਡਿਕਸ ਅਤੇ ਗੋਡਿਆਂ ਦੇ ਜੋੜ ਤਬਦੀਲ ਕਰਨ ਦੇ ਮਾਹਿਰ ਸਰਜਨ ਡਾ. ਮਨੁਜ ਵਧਵਾ ਨੇ ਅੱਜ ਇਥੇ ਫੋਰਟਿਸ ਦੇ ਮਿੱਤਰ ਪ੍ਰੋਗਰਾਮ ਮੌਕੇ ਮੀਡੀਆ ਸਾਹਮਣੇ ਉਪਰੋਕਤ ਦਾਵਾ ਕੀਤਾ। ਡਾ. ਮਨੁਜ ਵਧਵਾ ਵਲੋਂ ਟਿਸ਼ੂ ਪ੍ਰਵੈਟਿੰਗ ਟੀਕੇਆਰ ਤਕਨੀਕ ਨਾਲ ਨੌਂ-ਬਰ-ਨੌਂ ਕੀਤੇ ਮਰੀਜਾਂ ਨੇ ਭੰਗੜੇ ਦੀ ਜਬਰਦਸਤ ਪ੍ਰਫਾਰਮੈਂਸ ਦੇ ਕੇ ਡਾ. ਵਧਵਾ ਦੇ ਦਾਵੇ ਦੀ ਦਮਦਾਰ ਪੁਸ਼ਟੀ ਕੀਤੀ। ਇਥੇ ਰੈਡੀਸਨ ਹੋਟਲ 'ਚ ਆਯੋਜਿਤ ਇਸ ਪ੍ਰੋਗਰਾਮ 'ਚ ਜਲੰਧਰ ਦੇ ਡਿਪਟੀ ਕਮਿਸ਼ਨਰ ਅਜੀਤ ਸਿੰਘ ਪੰਨੂ ਮੁੱਖ ਮਹਿਮਾਨ ਵਜੋਂ ਪਧਾਰੇ ਹੋਏ ਸਨ। ਜਦਕਿ ਫੋਰਟਿਸ ਹਸਪਤਾਲ ਦੇ ਡਾਇਰੈਕਟਰ ਕਰਨਲ ਐਚ.ਐਸ. ਚਹਿਲ ਵੀ ਮੌਜੂਦ ਸਨ। ਇਸ ਮੌਕੇ ਡਾ. ਮਨੁਜ ਵਧਵਾ ਨੇ ਦੱਸਿਆ ਕਿ ਨੀ-ਅਰਥਰਾਇਟਸ ਨਾਂ ਦੀ ਗੋਡਿਆਂ ਦੀ ਇਹ ਬੀਮਾਰੀ ਅਧੇੜ ਅਤੇ ਵੱਡੀ ਉਮਰ ਦੇ ਲੋਕਾਂ ਨੂੰ ਵਧੇਰੇ ਸ਼ਿਕਾਰ ਬਣਾਉਂਦੀ ਹੈ। ਇੱਕ ਅਨੁਸਾਰ 45 ਤੋਂ 65 ਸਾਲ ਤੱਕ ਦੇ ਹਰ ਪੰਜ ਲੋਕਾਂ 'ਚ ਦੋ ਅਤੇ 65 ਸਾਲ ਤੋਂ ਵੱਧ ਦੇ ਤਿੰਨ ਵਿਅਕਤੀ ਗੋਡਿਆਂ ਦੀ ਅਸਹਿ ਤਕਲੀਫ਼ ਦਾ ਸ਼ਿਕਾਰ ਹਨ। ਪੰਜਾਬ 'ਚ 5 ਲੱਖ ਮਹਿਲਾਵਾਂ ਅਤੇ ਪੁਰਸ਼ ਇਸ ਦੀ ਚਪੇਟ 'ਚ ਹਨ। ਇਨ੍ਹਾਂ 'ਚੋ 50 ਹਜਾਰ ਲੋਕਾਂ ਨੂੰ ਤੁਰੰਤ ਅਪਰੇਸ਼ਨ ਦੀ ਜਰੂਰਤ ਹੈ। ਇਨ੍ਹਾਂ ਹੀ ਨਹੀਂ ਆਧੁਨਿਕ ਲਾਇਫ ਸਟਾਈਲ ਕਾਰਨ 18 ਤੋਂ 44 ਸਾਲ ਦੇ ਹਰ ਪੰਜਵੇਂ ਨੌਜਵਾਨ 'ਚੋ ਵੀ ਗੋਡਿਆਂ ਦੇ ਦਰਦ ਦਾ ਪੀੜਤ ਹੈ। ਮੋਟਾਪਾ ਅਤੇ ਪਿਤਾ-ਪੁਰਖੀ ਜੀਨ ਇਸ ਬੀਮਾਰੀ ਦੇ ਮੁੱਖ ਕਾਰਨਾਂ 'ਚ ਸ਼ਾਮਿਲ ਹਨ। ਡਾ. ਵਧਵਾ ਅਨੁਸਾਰ ਦੁਨਿਆਂ ਭਰ 'ਚ 200 ਪ੍ਰਕਾਰ ਦੀਆਂ ਅਰਥਰਾਇਟਸ ਬੀਮਾਰੀਆਂ ਹਨ। ਜਿਨ੍ਹਾਂ ਦੇ ਇਲਾਜ ਲਈ ਈਜਾਦ ਹੁੰਦੀਆਂ ਨਵੀਆਂ ਇਲਾਜ ਤਕਨੀਕਾਂ 'ਚ ਟਿਸ਼ੂ ਪ੍ਰਵੈਟਿੰਗ ਟੀ.ਕੇ.ਆਰ. ਸਰਜਰੀ ਇੱਕ ਚਮਤਕਾਰੀ ਕਰਿਸ਼ਮੇ ਵਜੋਂ ਦੇਖੀ ਜਾਦੀ ਹੈ। ਡਾ. ਵਧਵਾ ਅਨੁਸਾਰ ਪਰੰਪਰਾਗਤ ਗੋਡਾ ਜੋੜ ਤਬਦੀਲ ਕਰਨ ਸਮੇਂ ਇਕ ਲੰਮਾ ਚੀਰੇ ਦੌਰਾਨ ਮਸਲਜ, ਟੇਂਡੰਸ ਅਤੇ ਲਿਗਾਮੈਂਟਸ ਕੱਟਣੇ ਪੈਂਦੇ ਸਨ। ਜਿਸ ਕਾਰਨ ਬੇਹੱਦ ਦਰਦ ਅਤੇ ਦੇਰ ਭਰੀ ਰਿਕਵਰੀ ਹੁੰਦੀ ਸੀ। ਜਦਕਿ ਟਿਸ਼ੂ ਪੈਵੈਟਿੰਗ ਟੀ.ਕੇ.ਆਰ. ਸਰਜਰੀ ਰਾਹੀਂ ਇਕ ਛੋਣਾ ਜਿਹਾ ਕਟ ਲਗਾਇਆ ਜਾਂਦਾ ਹੈ। ਇਸ ਮੌਕੇ ਗੋਡੇ ਦੀ ਚੱਪਣੀ ਨਾਲ ਵੀ ਜਿਆਦਾ ਛੇੜ-ਛਾੜ ਨਹੀਂ ਕੀਤੀ ਜਾਂਦੀ। ਗੋਡੇ ਦੀਆਂ ਮਾਸ ਪੇਸ਼ੀਆਂ ਅਤੇ ਟਿਸ਼ੂ ਆਦਿ ਦੀ ਕਾਟ-ਛਾਂਟ ਨਹੀਂ ਕੀਤੀ ਜਾਂਦੀ। ਨਤੀਜੇ ਵਜੋਂ ਜਿਥੇ ਸਮੁੱਚਾ ਅਪਰੇਸ਼ਨ ਦਰਦ ਰਹਿਤ ਰਹਿੰਦਾ ਹੈ ਉਥੇ ਰਿਕਵਰੀ ਏਨੀ ਤੇਜੀ ਨਾਲ ਹੁੰਦੀ ਹੈ ਕਿ ਕੁਝ ਮਰੀਜ ਤਾਂ ਕੁਝ ਘੰਟਿਆਂ ਬਾਅਦ ਹੀ ਗੋਡਾ ਹਿਲਾਉਣ ਤੇ ਉਠਾਉਣ ਲੱਗ ਜਾਂਦੇ ਹਨ। ਡਾ. ਵਧਵਾ ਨੇ ਦੱਸਿਆ ਕਿ ਕੰਮ ਕਾਜ ਜਾਂ ਚਲਦੇ ਫਿਰਦੇ ਗੋਡਿਆਂ 'ਚ ਦਰਦ, ਜਕੜਨ ਮਹਿਸੂਸ ਹੋਣਾ ਅਤੇ ਗੋਡਿਆਂ ਦਾ ਸੁੱਜਣਾ ਇਸ ਦੇ ਮੁੱਖ ਕਾਰਨਾਂ 'ਚ ਸ਼ਾਮਲ ਹੈ। ਇਸ ਮੌਕੇ ਕਰਨਲ ਚਹਿਲ ਨੇ ਦੱਸਿਆ ਕਿ ਗੋਡਿਆਂ ਦੇ ਜੋੜਾਂ ਨਾਲ ਸਬੰਧਿਤ ਅਰਥ ਰਾਇਟਸ ਬਿਮਾਰੀ 4500 ਈਸਾ ਪੂਰਵ ਸਾਲ ਪਹਿਲਾ ਤੋਂ ਇਨਸਾਨਾਂ 'ਚ ਮਿਲਦੀ ਹੈ। ਖਾਣ-ਪਾਣ, ਮੋਟਾਪਾ ਅਤੇ ਅਰਾਮ ਜੀਵਨ ਸ਼ੈਲੀ ਕਾਰਨ ਅੱਜ ਇਹ ਬਿਮਾਰੀ ਦੁਨੀਆ 'ਚ ਘਰ ਘਰ ਤੱਕ ਪਹੁੰਚ ਗਈ ਹੈ। ਇਸ ਮੌਕੇ ਨਵੀਂ ਇਲਾਜ ਵਿਧੀ ਨਾਲ ਗੋਡਾ ਬਦਲਾ ਚੁੱਕੇ ਲੋਕਾਂ ਦੀ ਜਾਂਚ ਵੀ ਕੀਤੀ ਗਈ।

ਚੋਰੀ ਦੇ ਵਾਹਨਾਂ ਸਮੇਤ ਪੰਜ ਵਿਅਕਤੀ ਪੁਲਿਸ ਦੀ ਗ੍ਰਿਫ਼ਤ 'ਚ

ਮਾਨਸਾ, 6 ਮਾਰਚ (ਤਰਸੇਮ ਫਰੰਡ)-ਆਖਰ ਅੱਜ ਵਾਹਨ ਚੋਰਾਂ ਦੇ ਸੰਬੰਧ ਵਿੱਚ ਡੀ.ਜੀ.ਪੀ. ਪੰਜਾਬ ਵੱਲੋਂ ਖੁਲਾਸਾ ਕਰ ਹੀ ਦਿੱਤਾ ਗਿਆ ਹੈ। ਜਿਸ ਦੀ ਇਲਾਕੇ ਵਿੱਚ ਕਾਫੀ ਦਿਨਾਂ ਤੋਂ ਚਰਚਾ ਚੱਲ ਰਹੀ ਸੀ, ਉਹ ਡੀ.ਜੀ.ਪੀ. ਪੰਜਾਬ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਸਹੀ ਸਿੱਧ ਹੋਇਆ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਸ੍ਰ. ਪਰਮਦੀਪ ਸਿੰਘ ਗਿੱਲ, ਆਈ.ਜੀ. ਫਰੀਦਕੋਟ ਜ਼ੋਨ ਸ੍ਰੀ ਰਹਿਤ ਚੌਧਰੀ ਡੀ.ਆਈ.ਜੀ. ਫਰੀਦਕੋਟ ਰੇਜ਼ ਬਠਿੰਡਾ ਸ੍ਰ. ਨਿਰਮਲ ਸਿੰਘ ਢਿੱਲੋਂ ਐਤ ਜ਼ਿਲ੍ਹਾ ਪੁਲਿਸ ਮਾਨਸਾ ਦੇ ਮੁਖੀ ਸ੍ਰ. ਹਰਦਿਆਲ ਸਿੰਘ ਮਾਨ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਰਾਹੀਂ ਦੱਸਿਆ ਗਿਆ ਕਿ ਥਾਣਾ ਸਦਰ ਬੁਢਲਾਡਾ ਦੇ ਮੁਖੀ ਐੱਸ.ਆਈ. ਅਵਤਾਰ ਸਿੰਘ ਅਤੇ ਐੱਸ.ਆਈ. ਗੁਰਦਰਸ਼ਨ ਸਿੰਘ ਦੀਆਂ ਟੀਮਾਂ ਨੇ ਇੱਕ ਗੁਪਤ ਸੂਚਨਾ ਦੇ ਅਧਾਰ 'ਤੇ ਵਾਹਨ ਚੋਰਾਂ ਦੇ ਇੱਕ ਗਰੋਹ ਨੂੰ ਕਾਬੂ ਕਰਕੇ ਚੋਰੀ ਦੀਆਂ 25 ਗੱਡੀਆਂ ਬਰਾਮਦ ਕੀਤੀਆਂ ਹਨ, ਜਿਨ੍ਹਾਂ ਵਿੱਚ ਬਲੈਰੋ, ਇਨੋਵਾ, ਸਕਾਰਪੀਓ, ਸੈਂਟਰੋ, ਇੰਡੀਕਾ ਆਦਿ ਅਤੇ ਇਸ ਦੇ ਨਾਲ ਦੇ ਮੋਟਰ ਸਾਈਕਲ ਵੀ ਬਰਾਮਦ ਕੀਤੇ ਹਨ। ਫੜੇ ਗਏ ਪੰਜ ਵਿਅਕਤੀਆਂ ਦੇ ਗਿਰੋਹ ਵਿੱਚ ਤਿੰਨ ਵਿਅਕਤੀ ਮਾਨਸਾ ਜ਼ਿਲ੍ਹੇ ਦੇ ਹਨ, ਜਿਨ੍ਹਾਂ ਵਿੱਚ ਜਸਵਿੰਦਰ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਰਿਉਂਦ ਕਲਾਂ, ਬੂਟਾ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਦਲੇਲ ਵਾਲਾ, ਸ਼ਿਵਸ਼ੰਕਰ ਸ਼ਰਮਾ ਪੁੱਤਰ ਹਰਦਿਆਲ ਸਿੰਘ ਵਾਸੀ ਰਿਉਂਦ ਕਲਾਂ, ਬੂਟਾ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਦਲੇਲ ਵਾਲਾ ਸ਼ਿਵ ਸ਼ੰਕਰ ਸ਼ਰਮਾ ਪੁੱਤਰ ਹਰੀਸ਼ ਚੰਦਰ ਸ਼ਰਮਾ ਵਾਸੀ ਫਤਿਹਾਬਾਦ ਅਸ਼ਵਨੀ ਉਰਫ ਪਪਲੀ ਪੁੱਤਰ ਚਰਨਾਦਸ ਵਾਸੀ ਰਤੀਆ ਸ਼ਾਮਲ ਹਨ। ਖੁਲਾਸੇ ਵਿੱਚ ਦੱਸਿਆ ਕਿ ਇਹ ਗਰੋਹ ਰਾਜਸਥਾਨ, ਪੰਜਾਬ ਅਤੇ ਹਰਿਆਣਾ ਰਾਜਾਂ ਵਿੱਚੋਂ ਗੱਡੀਆਂ ਚੋਰੀ ਕਰਕੇ ਡੀ.ਟੀ.ਓ. ਦਫਤਰ ਦੇ ਕਲਰਕਾਂ ਨਾਲ ਸਾਜਬਾਜ਼ ਕਰਕੇ ਨਵੇਂ ਨੰਬਰਾਂ ਤੇ ਕਾਗਜ਼ ਤਿਆਰ ਕਰਕੇ ਅੱਗੇ ਭੋਲੇ-ਭਾਲੇ ਲੋਕਾਂ ਨੂੰ ਵੇਚ ਦਿੰਦੇ ਸਨ। ਸ੍ਰ. ਗਿੱਲ ਨੇ ਦੱਸਿਆ ਕਿ ਇਸ ਸੰਬੰਧ ਵਿੱਚ ਅ/ਧ 379, 411, 420, 467, 468, 471, 120 ਬੀ ਦੇ ਅਧੀਨ ਥਾਣਾ ਬੁਢਲਾਡਾ ਵਿੱਚ ਮੁਕੱਦਮਾ ਦਰਜ ਕਰਕੇ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਅਗਲੀ ਤਫਤੀਸ਼ ਲਈ ਉਨ੍ਹਾਂ ਦਾ ਪੁਲਿਸ ਰਿਮਾਂਡ ਲਿਆ ਗਿਆ ਹੈ ਅਤੇ ਸੰਭਾਵਨਾ ਕੀਤੀ ਜਾ ਰਹੀ ਹੈ ਕਿ ਇਸ ਤਫਤੀਸ਼ ਦੇ ਦੌਰਾਨ ਵਾਹਨ ਚੋਰ ਗਰੋਹ ਦੇ ਹੋਰ ਮੈਂਬਰਾਂ ਦੀ ਗ੍ਰਿਫਤਾਰੀ ਉਪਰੰਤ ਹੋਰ ਵੀ ਬਹੁਤ ਸਾਰੀਆਂ ਗੱਡੀਆਂ ਬਰਾਮਦ ਹੋ ਸਕਦੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜਾਲ੍ਹੀ ਕਾਗਜ਼ ਤਿਆਰ ਕਰਨ ਵਾਲੇ ਡੀ.ਟੀ.ਓ. ਦਫਤਰਾਂ ਦੇ ਮੁਲਾਜ਼ਮਾਂ ਸੰਬੰਧੀ ਵੀ ਸਨਸਨੀਖੇਜ਼ ਪ੍ਰਗਟਾਵੇ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਗਰੋਹ ਵਿੱਚ ਗ੍ਰਿਫਤਾਰ ਕੀਤੇ ਗਏ ਇੱਕ ਵਿਅਕਤੀ ਜਸਵਿੰਦਰ ਸਿੰਘ ਵਾਸੀ ਰਿਉਂਦ ਕਲਾਂ ਦੀ ਮੈਡੀਕਲ ਗਰਾਊਂਡ 'ਤੇ ਤਫਤੀਸ਼ੀ ਅਫਸਰ ਨੇ ਉਸ ਦੀ ਜ਼ਮਾਨਤ ਲੈ ਲਈ ਹੈ। ਇਸ ਵਹੀਕਲ ਚੋਰਾਂ ਨੂੰ ਕਾਬੂ ਕਰਕੇ ਗੱਡੀਆਂ ਬਰਾਮਦ ਕਰਨ ਦੀ ਸਫਲਤਾ ਨੂੰ ਕੇ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਹਰਦਿਆਲ ਸਿੰਘ ਮਾਨ ਦੀ ਹਰ ਪਾਸੇ ਪ੍ਰਸ਼ੰਸਾ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਜਦੋਂ ਤੋਂ ਸ੍ਰੀ ਮਾਨ ਨੇ ਜ਼ਿਲ੍ਹਾ ਪੁਲਿਸ ਮੁਖੀ ਮਾਨਸਾ ਦਾ ਅਹੁਦਾ ਸੰਭਾਲਿਆ ਹੈ, ਤਦ ਤੋਂ ਭੈੜੇ ਅਨਸਰਾਂ ਵਿਰੁੱਧ ਸ਼ਿਕੰਜਾ ਕੱਸਿਆ ਹੋਇਆ ਹੈ। ਇਨ੍ਹਾਂ ਵੱਲੋਂ ਜ਼ਿਲ੍ਹੇ ਨੂੰ ਨਸ਼ਾ ਰਹਿਤ ਕਰਨ ਹਿੱਤ ਮੁਹਿੰਮ ਅਧੀਨ ਜ਼ਿਲ੍ਹਾ ਮਾਨਸਾ ਵਿੱਚ ਇੱਕ ਜਨਵਰੀ 2010 ਤੋਂ ਲੈ ਕੇ ਅੱਜ ਤੱਕ ਐੱਨ.ਡੀ. ਪੀ.ਐੱਸ. ਐਕਟ ਅਧੀਨ ਕੁੱਲ 73 ਮੁਕੱਦਮੇ ਦਰਜ ਕਰਕੇ 88 ਸਮਗਲਰਾਂ ਨੂੰ ਗ੍ਰਿਫਤਾਰ ਉਪਰੰਤ ਉਨ੍ਹਾਂ ਕੋਲਂ 635 ਗਰਾਮ ਸਮੈਕ, ਇੱਕ ਲੱਖ 7 ਹਜ਼ਾਰ 442 ਨਸ਼ੀਲੀਆਂ ਗੋਲੀਆਂ, 9 ਕਿੱਲੋ ਨਸ਼ੀਲਾ ਪਾਊਡਰ, 25 ਲਿਟਰ ਸਰਿਪ, 457 ਕਿੱਲੋ ਭੁੱਕੀ ਅਤੇ ਤਿੰਨ ਕਿੱਲੋ 680 ਗ੍ਰਾਮ ਅਫੀਮ ਬਰਾਮਦ ਕੀਤੀ ਹੈ। ਉੱਪਰ ਭਾਵੇਂ ਵੱਡੀ ਗਿਣਤੀ ਵਿੱਚ ਗੱਡੀਆਂ ਦੀ ਬਰਾਮਦਗੀ ਕਰਕੇ ਜ਼ਿਲ੍ਹਾ ਪੁਲਿਸ ਵੱਲੋਂ ਵਾਹ-ਵਾਹ ਖੱਟੀ ਗਈ ਹੈ, ਪਰ ਪੁਲਿਸ ਵੱਲੋਂ ਕਾਰਗੁਜ਼ਾਰੀ 'ਤੇ ਹੈਰਾਨੀ ਵੀ ਪ੍ਰਗਟਾਈ ਜਾ ਰਹੀ ਕਿ ਵੱਡੀ ਗਿਣਤੀ ਵਿੱਚ ਚੋਰੀ ਦੇ ਵਹੀਕਲ ਬਰਾਮਦ ਕਰਕੇ ਗ੍ਰਿਫਤਾਰ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਨੂੰ ਤਫਤੀਸ਼ੀ ਅਫਸਰ ਨੇ ਆਪਣੇ ਪੱਧਰ 'ਤੇ ਉਸ ਨੂੰ ਜ਼ਮਾਨਤ ਵੀ ਦੇ ਦਿੱਤੀ ਹੈ। ਇਸ ਨੂੰ ਲੈ ਕੇ ਇਲਾਕੇ ਵਿੱਚ ਬਹੁਤ ਚਰਚਾ ਹੈ।

ਵਿਰਾਸਤੀ ਮੇਲਾਂ ਦੇ ਤੀਜੇ ਦਿਨ 5 ਇਤਿਹਾਸਕ ਸਰੋਵਰਾਂ ਦੇ ਦਰਸ਼ਨ

ਅੰਮ੍ਰਿਤਸਰ, 6 ਮਾਰਚ (ਮੋਤਾ ਸਿੰਘ) ਅੰਮ੍ਰਿਤਸਰ ਵਿਰਾਸਤ ਮੇਲੇ ਦਾ ਤੀਜਾ ਦਿਨ ਅੱਜ ਸਵੇਰੇ ਪਹੁਫੁੱਟਦੀ ਨਾਲ ਸ਼ਹਿਰ ਦੇ ਪੰਜ ਇਤਿਹਾਸਕ ਤੇ ਪਵਿੱਤਰ ਸਰੋਵਰਾਂ ਦੀ ਯਾਤਰਾ ਨਾਲ ਆਰੰਭ ਹੋਇਆ। ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਪਰਮਜੀਤ ਸਿੰਘ ਦੀ ਅਗਵਾਈ ਵਿੱਚ ਵਿਰਸਾ ਵਿਹਾਰ ਸੁਸਾਇਟੀ ਦੇ ਪ੍ਰਧਾਨ ਸ੍ਰੀ ਕੇਵਲ ਧਾਲੀਵਾਲ, ਵਿੱਤ ਸਕੱਤਰ ਸ੍ਰੀ ਤੇਜਿੰਦਰ ਸਿੰਘ ਰਾਜਾ, ਭੁਪਿੰਦਰ ਸਿੰਘ ਸੰਧੂ, ਬਲਜੀਤ ਕੌਰ ਸੌਹਲ, ਅਰਵਿੰਦਰ ਭੱਟੀ, ਤੇਗੁਰਿੰਦਰ ਮਕਨਾ ਆਦਿ ਤੋਂ ਇਲਾਵਾ ਡੀ. ਏ. ਵੀ. ਸਕੂਲ ਦੇ ਵਿਦਿਆਰਥੀਆਂ ਨੇ ਸ੍ਰੀ ਰਾਮਸਰ ਸਰੋਵਰ ਕੰਢੇ ਇਕੱਠੇ ਹੋ ਕੇ ਉਸ ਦੀ ਇਤਿਹਾਸਕ ਮਹੱਤਤਾ ਦੇ ਜਿਕਰ ਤੇ ਅੱਜ ਦੇ ਪ੍ਰਸੰਗ ਵਿੱਚ ਇਸ ਦੇ ਸਮਾਜਿਕ ਤੇ ਧਾਰਮਿਕ ਸਰੋਕਾਰਾਂ ਦੀ ਗੱਲ ਤੋਰੀ। ਇਸੇ ਤਰ੍ਹਾਂ ਫਿਰ ਸ੍ਰੀ ਵਿਵੇਕਸਰ, ਕੌਲਸਰ, ਸ੍ਰੀ ਹਰਮਿੰਦਰ ਸਾਹਿਬ ਤੋਂ ਹੋ ਕੇ ਸ੍ਰੀ ਸੰਤੋਖਸਰ ਵਿਖੇ ਪੁੱਜੇ ਕਾਫਲੇ ਨੇ ਇਸ ਰਮਣੀਕ ਥਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਜਿੱਥੇ ਬੈਠ ਕੇ ਸਾਜੇ ਗੁਰੂ ਸਾਹਿਬਾਨ ਗੁਰਬਾਣੀ ਤੇ ਹੋਰ ਸਾਹਿਤ ਦੀ ਚਰਚਾ ਤੇ ਰਚਨਾ ਕਰਦੇ ਹੁੰਦੇ ਸਨ। ਇਸੇ ਤਰ੍ਹਾਂ ਫਿਰ ਵਿਰਸਾ ਵਿਹਾਰ ਵਿਖੇ ਕੈਮਰੇ ਦੀ ਅੱਖ ਰਾਹੀਂ ਅੰਮ੍ਰਿਤਸਰ ਦੀ ਫੋਟੋਕਾਰੀ ਦੇ ਸਲਾਈਡ ਸੌਅ ਆਰੰਭ ਹੋਇਆ। ਜਿਸ ਵਿੱਚ ਸੰਦੀਪ ਸਿੰਘ, ਭੁਮਿੰਦਰ ਸਿੰਘ ਤੇ ਮਨਦੀਪ ਮੰਨੂੰ ਆਦਿ ਦੀ ਕ੍ਰਿਤਾ ਨੂੰ ਲੋਕਾਂ ਮਾਣਿਆ। ਇਸ ਪਿੱਛੇ ਗੁਰਿਦਰ ਦੀ ਅਗਵਾਈ ਵਿੱਚ ਪੰਜਾਬੀ ਨਾਟਕ ਸੁਲੱਖਣੀ, ਹਰਦੀਪ ਗਿੱਲ ਦੀ ਨਿਰਦੇਸ਼ਨਾ ਵਿੱਚ ਨਾਨਟ ਚੰਦਨ ਦੇ ਉਹਲੇ ਨਾਟਕ ਖੇਡਿਆ ਗਿਆ।

ਲੋਕ ਅਦਾਲਤ 'ਚ 575 ਕੇਸਾਂ ਦਾ ਇਕੱਠਾ ਨਿਪਟਾਰਾ

ਹੁਸ਼ਿਆਰਪੁਰ, 6 ਮਾਰਚ: (ਪ.ਪ.) - ਮਾਨਯੋਗ ਮਿਸਟਰ ਜਸਟਿਸ ਮਹਿਤਾਬ ਸਿੰਘ ਗਿੱਲ ਕਾਰਜਕਾਰੀ ਚੇਅਰਮੈਨ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਜੀ ਦੇ ਨਿਰਦੇਸ਼ਾਂ ਹੇਠ ਅੱਜ ਤਿਮਾਹੀ ਅਤੇ ਸਪੈਸ਼ਲ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਲੋਕ ਅਦਾਲਤਾਂ ਦੀ ਨਿਗਰਾਨੀ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਸ਼੍ਰੀ ਐਸ ਕੇ ਗੋਇਲ ਨੇ ਕੀਤੀ। ਇਹ ਲੋਕ ਅਦਾਲਤਾਂ ਹੁਸ਼ਿਆਰਪੁਰ, ਦਸੂਹਾ ਅਤੇ ਗੜ੍ਹਸੰਕਰ ਵਿਖੇ ਲਗਾਈਆਂ ਗਈਆਂ। ਇਸ ਲੋਕ ਅਦਾਲਤ ਲਈ ਹੁਸ਼ਿਆਰਪੁਰ ਵਿਖੇ 11, ਦਸੂਹਾ ਵਿਖੇ 4 ਅਤੇ ਗੜ੍ਹਸੰਕਰ ਵਿਖੇ 1 ਬੈਂਚ ਦਾ ਗਠਨ ਕੀਤਾ ਗਿਆ। ਇਨ੍ਹਾਂ ਬੈਂਚਾਂ ਵਿੱਚ ਸੋਸ਼ਲ ਵਰਕਰਾਂ ਅਤੇ ਖਾਸ ਤੌਰ ਤੇ ਮਹਿਲਾ ਵਕੀਲਾਂ ਨੂੰ ਸ਼ਾਮਲ ਕੀਤਾ ਗਿਆ। ਇਸ ਲੋਕ ਅਦਾਲਤ ਲਈ ਪ੍ਰਧਾਨ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਸ਼੍ਰੀ ਆਰ ਪੀ ਧੀਰ ਨੇ ਆਪਣੇ ਵਕੀਲ ਸਾਥੀਆਂ ਨਾਲ ਲੋਕ ਅਦਾਲਤ ਨੂੰ ਕਾਮਯਾਬ ਬਣਾਉਣ ਲਈ ਭਰਵਾਂ ਸਹਿਯੋਗ ਦਿੱਤਾ। ਇਸ ਮੌਕੇ ਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਸ਼੍ਰੀ ਐਸ ਕੇ ਗੋਇਲ ਨੇ ਪ੍ਰਧਾਨ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਸ਼੍ਰੀ ਆਰ ਪੀ ਧੀਰ ਅਤੇ ਜ਼ਿਲ੍ਹਾ ਅਟਾਰਨੀ ਹੁਸ਼ਿਆਰਪੁਰ ਸ਼੍ਰੀ ਧੀਰ ਸਿੰਘ ਸੰਧੂ ਨਾਲ ਮਿਲ ਕੇ ਲੋਕ ਅਦਾਲਤਾਂ ਦਾ ਮੁਆਇਨਾ ਵੀ ਕੀਤਾ। ਇਸ ਲੋਕ ਅਦਾਲਤ ਵਿੱਚ ਵੱਖ-ਵੱਖ ਤਰ੍ਹਾਂ ਦੇ ਕੇਸ ਜਿਵੇਂ ਮੋਟਰ ਐਕਸੀਡੈਂਟ ਕਲੇਮ ਕੇਸ, ਹਿੰਦੂ ਮੈਰਿਜ ਐਕਟ ਦੇ ਕੇਸ, ਦਿਵਾਨੀ ਦਾਅਵੇ, ਦਿਵਾਨੀ ਅਪੀਲਾਂ, ਸਮਝੋਤੇਯੋਗ ਫੌਜਦਾਰੀ ਕੇਸ, 125 ਸੀ ਆਰ ਪੀ ਸੀ ਧਾਰਾ ਤਹਿਤ ਖਰਚੇ ਦੇ ਕੇਸ, ਰੈਂਟ ਦੇ ਦਾਅਵੇ , ਇਜ਼ਰਾਵਾਂ, ਚੈਕਾਂ ਦੇ ਕੇਸ, ਧਾਰਾ 138 ਐਨ ਆਈ ਐਕਟ ਅਧੀਨ, ਇਸਤਗਾਸੇ, ਟ੍ਰੈਫਿਕ ਚਲਾਨ ਆਦਿ ਨੂੰ ਆਪਸੀ ਰਜਾਮੰਦੀ ਰਾਹੀਂ ਹੱਲ ਕਰਨ ਲਈ ਸੁਣਿਆ ਗਿਆ। ਇਸ ਲੋਕ ਅਦਾਲਤ ਵਿੱਚ ਕੁਲ 1022 ਕੇਸਾਂ ਨੂੰ ਹੱਲ ਕਰਨ ਲਈ ਸੁਣਿਆ ਗਿਆ ਜਿਸ ਵਿੱਚੋਂ 575 ਕੇਸਾਂ ਦਾ ਨਿਪਟਾਰਾ ਰਜ਼ਾਮੰਦੀ ਰਾਹੀਂ ਕੀਤਾ ਗਿਆ। ਇਨ੍ਹਾਂ ਕੇਸਾਂ ਰਾਹੀਂ ਧਿਰਾਂ ਨੂੰ 3,22,31,811/- ਰੁਪਏ ਬਤੌਰ ਕਲੇਮ / ਅਵਾਰਡ ਦੁਆਏ ਗਏ। ਜ਼ਿਲ੍ਹਾ ਤੇ ਸੈਸ਼ਨ ਜੱਜ ਸ਼੍ਰੀ ਐਸ ਕੇ ਗੋਇਲ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਇਹ 148ਵੀਂ ਲੋਕ ਅਦਾਲਤ ਹੈ ਅਤੇ ਹੁਣ ਤੱਕ ਕੁਲ 43175 ਕੇਸਾਂ ਦਾ ਨਿਪਟਾਰਾ ਲੋਕ ਅਦਾਲਤਾਂ ਰਾਹੀਂ ਕੀਤਾ ਜਾ ਚੁੱਕਾਹੈ ਜਿਸ ਰਾਹੀਂ ਕੁਲ ਰਕਮ 99,67,43,881/- ਰੁਪਏ ਬਤੌਰ ਕਲੇਮ/ਅਵਾਰਡ ਧਿਰਾਂ ਨੂੰ ਦੁਆਏ ਜਾ ਚੁੱਕੇ ਹਨ। ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਸ਼੍ਰੀ ਐਸ ਕੇ ਗੋਇਲ ਨੇ ਅਪੀਲ ਕੀਤੀ ਕਿ ਲੋਕਾਂ ਨੂੰ ਇਨ੍ਹਾਂ ਲੋਕ ਅਦਾਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਪੈਸੇ ਅਤੇ ਸਮੇਂ ਦੋਹਾਂ ਦੀ ਬਚਤ ਹੁੰਦੀ ਹੈ। ਇਸ ਦੇ ਫੈਸਲੇ ਦੇ ਖਿਲਾਫ਼ ਕੋਈ ਅਪੀਲ ਨਹੀਂ ਹੁੰਦੀ ਅਤੇ ਇਸ ਦੇ ਫੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਗਰੀ ਦੀ ਮਾਨਤਾ ਪ੍ਰਾਪਤ ਹੈ। ਇਸ ਵਿੱਚ ਫੈਸਲੇ ਦੋਹਾਂ ਧਿਰਾਂ ਦੀ ਸਹਿਮਤੀ ਨਾਲ ਹੁੰਦੇ ਹਨ, ਇਸ ਨਾਲ ਆਪਸੀ ਪਿਆਰ ਵੱਧਦਾ ਹੈ ਅਤੇ ਦੁਸ਼ਮਣੀ ਘੱਟਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਲੋਕ ਆਪਣੇ ਕੇਸਾਂ ਨੂੰ ਲੋਕ ਅਦਾਲਤ ਵਿੱਚ ਲਗਵਾਉਣ ਲਈ , ਉਨ੍ਹਾਂ ਪਾਸ ਜਾਂ ਸਿਵਲ ਜੱਜ (ਸੀਨੀਅਰ ਡਵੀਜ਼ਨ) - ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ, ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ)- ਸਹਿਤ-ਚੇਅਰਮੈਨ, ਉਪ ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਜਾਂ ਸਹਾਇਕ ਜ਼ਿਲ੍ਹਾ ਅਟਾਰਨੀ (ਕਾਨੂੰਨੀ ਸੇਵਾਵਾਂ), ਹੁਸ਼ਿਆਰਪੁਰ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਤੇ ਬੈਨਰ ਲਗਾ ਕੇ ਅਤੇ ਪ੍ਰਚਾਰ ਸਮੱਗਰੀ ਵੰਡ ਕੇ ਪ੍ਰਚਾਰ ਵੀ ਕੀਤਾ ਗਿਆ।

ਸਬ-ਜੇਲ੍ਹ ਅੰਦਰ ਬੰਦ ਅਨਪੜ੍ਹ ਕੈਦੀਆਂ ਨੂੰ ਪੜ੍ਹਾਉਣਾ ਸ਼ੁਰੂ

ਮਾਲੇਰਕੋਟਲਾ 6 ਮਾਰਚ (ਜਮੀਲ ਅਬਦਾਲੀ) ਸਥਾਨਕ ਸਬ-ਜੇਲ੍ਹ ਅੰਦਰ ਬੰਦ ਅਨਪੜ੍ਹ ਕੈਦੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਗਿਆ ਹੈ। ਅਨਪੜ੍ਹ ਕੈਦੀ ਪੜ੍ਹਨ ਵਿੱਚ ਡੂੰਘੀ ਰੁਚੀ ਲੈ ਰਹੇ ਹਨ। ਸਬ-ਜੇਲ੍ਹ ਦੇ ਡਿਪਟੀ ਸੁਪਰਇਨਟੈਂਡੈਂਟ, ਸ੍ਰੀ ਵਿਕਰਮਜੀਤ ਸਿਘ ਪਾਂਥੇ ਨੇ ਦੱਸਿਆ ਕਿ ਸ੍ਰੀ ਅਨਿਲ ਕੌਸ਼ਿਕ, ਡੀ.ਜੀ.ਪੀ. (ਜੇਲ੍ਹ) ਦੇ ਦਿਸ਼ਾ-ਨਿਰਦੇਸ਼ਾਂ ਦੇ ਜੇਲ੍ਹਾਂ ਵਿੱਚ ਬੰਦ ਅਨਪੜ੍ਹ ਕੈਦੀਆਂ ਨੂੰ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਸ ਤਹਿਤ ਹੀ ਸਥਾਨਕ ਸਬ-ਜੇਲ੍ਹ ਵਿੱਚ ਬੰਦ 165 ਕੈਦੀਆਂ ਵਿਚੋਂ 30 ਅਨਪੜ੍ਹ ਕੈਦੀਆਂ ਨੂੰ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਨ੍ਹਾਂ ਅੰਦਰ ਨੂੰ ਜੇਲ੍ਹ ਅੰਦਰ ਬੰਦ ਹੀ ਪੜ੍ਹੇ-ਲਿਖੇ ਕੈਦੀ ਹੀ ਜੇਲ੍ਹ ਵਿਭਾਗ ਦੇ ਸਹਿਯੋਗ ਨਾਲ ਪੜ੍ਹਾ ਰਹੇ ਹਨ। ਇਨ੍ਹਾਂ ਕੈਦੀਆਂ ਨੂੰ ਕਾਪੀਆਂ, ਕਾਇਦੇ, ਕਿਤਾਬਾਂ, ਪੈਨਸਲਾਂ ਅਤੇ ਹੋਰ ਪੜ੍ਹਨ ਸਮੱਗਰੀ ਵਿਭਾਗ ਵੱਲੋਂ ਮੁਹੱਈਆ ਕਰਵਾਈ ਗਈ ਹੈ। ਸ੍ਰੀ ਪਾਂਥੇ ਨੇ ਦੱਸਿਆ ਕਿ ਪੜ੍ਹਾਈ ਸਿੱਖਣ ਵਾਲੇ ਕੈਦੀਆਂ ਦੀ ਸੋਚ ਵਿੱਚ ਤਬਦੀਲੀ ਆਉਣੀ ਸ਼ੁਰੂ ਹੋ ਗਈ ਹੈ। ਸ੍ਰੀ ਪਾਥੇ ਨੇ ਦੱਸਿਆ ਕਿ ਕਈ ਅਨਪੜ੍ਹ ਕੈਦੀ ਤਾਂ ਸ਼ੁੱਧ ਲਿਖਣ ਅਤੇ ਪੜ੍ਹਨ ਵੀ ਲੱਗ ਗਏ ਹਨ। ਇਸ ਮੌਕੇ 'ਤੇ ਪੜ੍ਹਨਾ ਸਿੱਖ ਰਹੇ ਕੈਦੀਆਂ ਨੇ ਦੱਸਿਆ ਕਿ ਪੜ੍ਹਨ ਨਾਲ ਉਨ੍ਹਾਂ ਦਾ ਵਿਹਲਾ ਸਮਾਂ ਚੰਗੇ ਤਰੀਕੇ ਨਾਲ ਗੁਜ਼ਰ ਰਿਹਾ ਹੈ। ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਜੇਕਰ ਉਹ ਪੜ੍ਹੇ-ਲਿਖੇ ਹੁੰਦੇ ਤਾਂ ਓਹ ਜੁਰਮਾਂ ਤੋਂ ਦੂਰ ਹੁੰਦੇ।

ਸਰਕਾਰ ਲੋਕਾਂ ਨੂੰ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਲਈ ਯਤਨਸ਼ੀਲ-ਨੰਨੂ

ਫਿਰੋਜ਼ਪੁਰ, 6 ਮਾਰਚ (ਜੀ.ਐੱਸ. ਕਾਲੜਾ)-ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਵਿੱਚ 100 ਫੀਸਦੀ ਆਬਾਦੀ ਨੂੰ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੇ ਲਈ 263 ਕਰੋੜ ਰੁਪਏ ਦਾ ਵਿਸ਼ੇਸ਼ ਪ੍ਰਾਜੈਕਟ ਚਾਲੂ ਕੀਤਾ ਗਿਆ। ਇਹ ਜਾਣਕਾਰੀ ਸ੍ਰੀ ਸੁਖਪਾਲ ਸਿੰਘ ਨੰਨੂ ਮੁੱਖ ਸੰਸਦੀ ਸਕੱਤਰ ਪੰਜਾਬ ਨੇ ਫਿਰੋਜ਼ਪੁਰ ਸ਼ਹਿਰ ਦੀ ਸਲੱਮ ਬਸਤੀ ਆਵਾ ਵਿਖੇ 31 ਕਰੋੜ ਰੁਪਏ ਦੀ ਲਾਗਤ ਨਾਲ ਸ਼ਹਿਰ ਵਿੱਚ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਅਤੇ ਸੀਵਰੇਜ ਸਿਸਟਮ ਪ੍ਰਾਜੈਕਟ ਦਾ ਰਸਮੀ ਉਦਘਾਟਨ ਕਰਨ ਤੋਂ ਬਾਅਦ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਦਿੱਤੀ। ਇਸ ਮੌਕੇ ਤੇ ਸ੍ਰੀ ਦਵਿੰਦਰ ਕਪੂਰ, ਸ੍ਰੀ ਦਵਿੰਦਰ ਬਜਾਜ, ਸ੍ਰੀ ਸੰਪੂਰਨ ਸਿੰਘ ਤਿੰਨੇ ਮੈਂਬਰ ਨਗਰ ਕੌਂਸਲ, ਸ੍ਰ. ਸੁਰਜੀਤ ਸਿੰਘ ਸਰਪੰਚ ਸੂਬਾ ਕਦੀਮ, ਸ੍ਰੀ ਪ੍ਰਿਥਵੀ ਪੁੱਗਲ ਅਤੇ ਹੋਰ ਬੀ.ਜੇ.ਪੀ. ਦੇ ਅਹੁਦੇਦਾਰ ਹਾਜ਼ਰ ਸਨ। ਸ੍ਰ. ਸੁਖਪਾਲ ਸਿੰਘ ਨੰਨੂ ਨੇ ਦੱਸਿਆ ਕਿ ਫਿਰੋਜ਼ਪੁਰ ਸ਼ਹਿਰ ਵਿੱਚ 100 ਫੀਸਦੀ ਅਬਾਦੀ ਨੂੰ ਸਾਫ ਪੀਣ ਵਾਲਾ ਪਾਣੀ ਅਤੇ ਸੀਵਰੇਜ ਸਿਸਟਮ ਲਈ 31 ਕਰੋੜ ਰੁਪਏ ਦੀ ਲਾਗਤ ਨਾਲ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੇ ਪ੍ਰਾਜੈਕਟ ਨੂੰ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਤੇ 3.33 ਕਰੋੜ ਰੁਪਏ ਖਰਚ ਕਰਕੇ 35 ਕਿਲੋਮੀਟਰ ਪਾਣੀ ਦੀ ਸਪਲਾਈ ਲਈ ਪਾਈਪਾਂ ਵਿਛਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਸਮੁੱਚੀ ਅਬਾਦੀ ਨੂੰ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੇ ਲਈ 23 ਡੂੰਘੇ ਟਿਊਬਵੈੱਲ ਲਗਾਏ ਜਾਣਗੇ ਅਤੇ 2 ਨਵੀਆਂ ਟੈਂਕੀਆਂ ਦੀ ਉਸਾਰੀ ਕੀਤੀ ਜਾਵੇਗੀ।

ਕੋਠੇ ਵੜਿੰਗ ਦਾ ਰਾਸ਼ਨ ਡਿਪੂ ਬਹਾਲ ਕਰੋ-ਉਪਭੋਗਤਾ

ਕੋਟਕਪੂਰਾ, 6 ਮਾਰਚ (ਪ.ਪ.)- ਨਜ਼ਦੀਕੀ ਕੋਠੇ ਵੜਿੰਗ ਦੇ ਬਹੁਤ ਸਾਰੇ ਕਾਰਡ ਧਾਰਕਾਂ ਉਪਭੋਗਤਾਵਾਂ ਨੇ ਜਾਣਕਾਰੀ ਦਿੰਦੇ ਹੋਏ ਸ. ਇਕਬਾਲ ਸਿੰਘ ਨੰਬਰਦਾਰ, ਸ੍ਰੀਮਤੀ ਪਤਵਿੰਦਰ ਕੌਰ ਸਰਪੰਚ, ਸ. ਸਿਕੰਦਰ ਸਿੰਘ, ਚੱਗੜ ਸਿੰਘ, ਜਗਤਾਰ ਸਿੰਘ, ਹਜ਼ੂਰ ਸਿੰਘ, ਜੋਰਾ ਸਿੰਘ, ਮੁਖਤਿਆਰ ਸਿੰਘ, ਪਾਲਾ ਸਿੰਘ ਮੈਂਬਰ ਪੰਚਾਇਤ ਕੋਠੇ ਵੜਿੰਗ ਆਦਿ ਨੇ ਦਸਿਆ ਕਿ ਸਾਡੇ ਪਿੰਡ ਵਿੱਚ ਭਰਪੂਰ ਸਿੰਘ ਡਿਪੂ ਹੋਲਡਰ ਦੇ ਨਾਂ 'ਤੇ ਰਾਸ਼ਨ ਡਿਪੂ ਹੈ ਜਿਸ ਨੂੰ ਅੱਜ ਤੋਂ ਅੱਠ ਮਹੀਨੇ ਪਹਿਲਾਂ ਸਸਪੈਂਡ ਕਰਕੇ ਉਸਦੀ ਸਪਲਾਈ ਕੁਹਾਰ ਵਾਲੇ ਪਿੰਡ ਦੇ ਡਿਪੂ ਹੋਲਡਰ ਦਰਬਾਰਾ ਸਿੰਘ ਦੇ ਨਾਲ ਲਾ ਦਿੱਤੀ ਸੀ। ਇਹ ਪਿੰਡ ਸਾਡੇ ਪਿੰਡ ਤੋਂ 3-4 ਕਿਲੋਮੀਟਰ ਦੂਰ ਹੈ। ਇਸ ਲਈ 3-4 ਕਿਲੋਮੀਟਰ ਦੂਰ ਜਾ ਕੇ ਰਾਸ਼ਨ ਲੈਣਾ ਬਜ਼ੁਰਗਾਂ ਅਤੇ ਔਰਤਾਂ ਲਈ ਬਹੁਤ ਸੰਘਰਸ਼ ਕਰਨ ਵਾਲਾ ਕੰਮ ਹੈ। ਇਸ ਲਈ ਉਕਤ ਡਿਪੂ ਨੂੰ ਤੁਰੰਤ ਬਹਾਲ ਕੀਤਾ ਜਾਵੇ ਕਿਉਂਕਿ ਇੱਕ ਅੱਧੇ ਉਪਭੋਗਤਾ ਤੇ ਪਿੰਡ ਵਾਸੀ ਨੂੰ ਛੱਡ ਕੇ ਬਾਕੀ ਉਪਭੋਗਤਾ ਅਤੇ ਪਿੰਡ ਵਾਸੀਆਂ ਨੂੰ ਭਰਪੂਰ ਸਿੰਘ ਵਿਰੁੱਧ ਕੋਈ ਸ਼ਿਕਾਇਤ ਨਹੀਂ ਹੈ।

ਬਾ-ਅਦਾਲਤ ਸ੍ਰੀ ਵਰੁਣ ਰੂਜਮ, ਆਈ.ਏ.ਐਸ., ਮੈਰਿਜ ਅਫਸਰ-ਕਮ-ਡਿਪਟੀ-ਕਮਿਸ਼ਨਰ, ਮੁਕਤਸਰ।

ਨੋਟਿਸ ਇਸ਼ਤਿਹਾਰ ਸਪੈਸ਼ਲ ਮੈਰਿਜ ਐਕਟ, 1954 ਜ਼ੇਰ ਧਾਰਾ ਨਿਯਮ (5), ਦਰਖਾਸਤ ਵੱਲੋਂ ਬਬੱਲਜੀਤ ਕੌਰ ਪੁੱਤਰੀ ਜਸਵਿੰਦਰ ਸਿੰਘ ਵਾਸੀ ਪਿੰਡ ਅਬੁਲਖੁਰਾਣਾ ਤਹਿਸੀਲ ਮਲੋਟ ਜ਼ਿਲ੍ਹਾ ਮੁਕਤਸਰ ਬਾਬਤ ਸਪੈਸ਼ਲ ਮੈਰਿਜ ਐਕਟ 1954 ਅਧੀਨ ਸ਼ਾਦੀ ਰਜਿਸਟਰਡ ਕਰਵਾਉਣ ਸੰਬੰਧੀ।



ਨੋਟਿਸ ਬਨਾਮ ਆਮ ਜਨਤਾ

ਇਸ ਨੋਟਿਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਪ੍ਰਦੀਪ ਸਿੰਘ ਉਮਰ 39 ਸਾਲ ਪੁੱਤਰ ਮਹਿੰਦਰ ਸਿੰਘ ਪਿੰਡ 25 ਐਫ.ਐਫ.ਪੀ.ਓ. 23 ਐਫ.ਐਫ. ਗੰਗਸਿੰਘਪੁਰ, ਜ਼ਿਲ੍ਹਾ ਸੀਰੀ ਗੰਗਾਨਗਰ (ਰਾਜਸਥਾਨ) ਹੁਣ C-secretari Coloma 6, Barcelona (Spain) ਅਤੇ ਬਬਲਜੀਤ ਕੌਰ ਉਮਰ 26 ਸਾਲ ਪੁੱਤਰੀ ਜਸਵਿੰਦਰ ਸਿੰਘ ਵਾਸੀ ਪਿੰਡ ਅਬੁਲਖੁਰਾਣਾ ਤਹਿਸੀਲ ਮਲੋਟ, ਜ਼ਿਲ੍ਹਾ ਮੁਕਤਸਰ, ਪੰਜਾਬ ਵੱਲੋਂ ਨਿਮਨਹਸਤਾਖਰ ਦੀ ਅਦਾਲਤ ਵਿਚ ਸਪੈਸ਼ਲ ਮੈਰਿਜ ਐਕਟ, 1954 ਦੀ ਧਾਰਾ 15 ਤਹਿਤ ਮੈਰਿਜ ਰਜਿਸਟਰਡ ਕਰਵਾਉਣ ਲਈ ਦਰਖਾਸਤ ਪੇਸ਼ ਕੀਤੀ ਹੈ। ਇਸ ਮੈਰਿਜ ਦੇ ਰਜਿਸਟਰਡ ਕਰਨ ਤੇ ਕਿਸੇ ਵੀ ਵਿਅਕਤੀ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਛਪਣ ਤੋਂ ਬਾਅਦ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਖੁੱਦ ਪੇਸ਼ ਹੋ ਕੇ ਵਕੀਲ ਰਾਹੀਂ ਜਾ ਅਧਿਕਾਰਤ ਵਿਅਕਤੀ ਰਾਹੀਂ ਨਿਮਨ-ਹਸਤਾਖਰ ਦੀ ਅਦਾਲਤ ਵਿਚ ਪੇਸ਼ ਕਰ ਸਕਦਾ ਹੈ। ਮਿੱਥੀ ਮਿਤੀ ਗੁਜ਼ਰਨ ਤੋਂ ਬਾਅਦ ਇਸ ਸੰਬੰਧੀ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ ਅਤੇ ਇਹ ਸ਼ਾਦੀ ਸਪੈਸ਼ਲ ਮੈਰਿਜ ਐਕਟ 1854 ਦੀ ਧਾਰਾ 16 ਤਹਿਤ ਰਜਿਸਟਰਡ ਕਰ ਦਿੱਤੀ ਜਾਵੇਗੀ। ਇਹ ਇਸ਼ਤਿਹਾਰ ਨੋਟਿਸ ਸਪੈਸ਼ਲ ਮੈਰਿਜ ਐਕਟ 1954 ਦੀ ਧਾਰਾ 6 ਤਹਿਤ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਸਹੀ/- ਮੈਰਿਜ ਅਫਸਰ-ਕਮ-ਡਿਪਟੀ ਕਮਿਸ਼ਨਰ, ਮੁਕਤਸਰ।

ਬੱਸ ਪਾਸ ਸਕੀਮ ਮੁੜ ਚਾਲੂ ਕੀਤੀ ਜਾਵੇ

ਸਰਦੂਲਗੜ੍ਹ, 6 ਮਾਰਚ (ਡੰਡਾ)- ਸ਼ਹਿਰ ਤੋਂ ਦੂਜੀ ਥਾਂ ਵਪਾਰ ਜਾਂ ਕਾਰੋਬਾਰ ਲਈ ਜਾਣ ਵਾਲਿਆਂ ਲਈ ਬੱਸ ਪਾਸ ਸਹੂਲਤ ਦੇ ਕੇ ਕਿਰਾਏ ਦੀ ਛੋਟ ਦਿੱਤੀ ਜਾਂਦੀ ਸੀ, ਜੋ ਕਿ ਸਰਕਾਰ ਨੇ ਬੰਦ ਕਰ ਦਿੱਤੀ ਹੈ। ਇੱਕ ਪਾਸੇ ਮਹਿੰਗਾਈ ਵੱਧ ਰਹੀ ਹੈ ਦੂਜੇ ਪਾਸੇ ਸਰਕਾਰ ਆਮ ਵਰਗ ਤੋਂ ਸਹੂਲਤਾਂ ਖੋਹ ਰਹੀ ਹੈ। ਆਮ ਲੋਕਾਂ ਦੀ ਪੰਜਾਬ ਸਰਕਾਰ ਤੋਂ ਮੰਗ ਹੈ ਕਿ ਬੱਸ ਪਾਸ ਸਕੀਮ ਦੁਬਾਰਾ ਚਾਲੂ ਕੀਤੀ ਜਾਵੇ।

ਬੱਗਾ ਸਿੰਘ ਹਰੀਜਨ ਸੇਵਕ ਸੰਘ ਦਾ ਪ੍ਰਧਾਨ ਬਣੇ

ਕਿਸ਼ਨਪੁਰ ਕਲਾਂ, ਮੋਗਾ, 6 ਮਾਰਚ, (ਗੁਰਕ੍ਰਿਪਾਲ ਸਿੰਘ ਸੋਨੀ) ਸਥਾਨਕ ਪਿੰਡ ਕਿਸਨਪੁਰ ਕਲਾਂ ਤੋਂ ਥੋੜ੍ਹੀ ਦੂਰੀ 'ਤੇ ਪੈਂਦੇ ਪਿੰਡ ਗੱਟੀ ਜੱਟਾਂ ਬਲਕਾ ਧਰਮਕੋਟ ਵਿਖੇ ਅਨੁਸੂਚਿਤ ਜਾਤੀ ਪੰਚਾਂ ਸਰਪੰਚਾਂ ਅਤੇ ਹੋਰ ਮੋਹਤਬਰ ਸਖਸ਼ਾ ਨੇ ਇਕੱਤਰ ਹੋ ਕੇ ਸੋਚ ਵਿਚਾਰ ਕਰਨ ਉਪਰੰਤ ਅਨੁਸੂਚਿਤ ਜਾਤੀਆਂ ਦੀਆਂ ਵੱਧ ਰਹੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰਿਆਂ ਨੇ ਸ. ਬੱਗਾ ਸਿੰਘ ਪੁੱਤਰ ਫੱਤਾ ਸਿੰਘ ਵਾਸੀ ਗੱਟੀ ਜੱਟਾਂ ਨੂੰ ਬਲਾਕ ਧਰਮਕੋਟ ਹਰੀਜਨ ਸੇਵਕ ਸੰਘ ਦਾ ਪ੍ਰਧਾਨ ਬਣਾਇਆ ਗਿਆ। ਸ. ਬੱਗਾ ਸਿੰਘ ਨੂੰ ਪੰਜਾਬ ਅਤੇ ਚੰਡੀਗੜ੍ਹ ਹਰਜੀਨ ਸੇਵਕ ਸੰਘ ਦੇ ਜਨਰਲ ਸਕੱਤਰ ਸ. ਅਜੀਤ ਸਿੰਘ ਕਲਿਆਨ ਨੇ ਨਿਯੁਕਤੀ ਪੱਤਰ ਆਪਣੇ ਕਰ ਕਮਲਾਂ ਨਾਲ ਦਿੱਤਾ ਅਤੇ ਸ. ਅਜੀਤ ਸਿੰਘ ਕਲਿਆਣ ਨੇ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੱਸਿਆਂ ਮੁਸ਼ਕਲਾਂ ਨੂੰ ਜਲਦ ਹੀ ਖਤਮ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਮੌਕੇ 'ਤੇ ਹਾਜਰ ਸ੍ਰ. ਗੁਰਦੇਵ ਸਿੰਘ ਮੈਂਬਰ ਜ਼ਿਲ੍ਹਾ ਐਗਜਿਕਟਿਵ, ਸਰਵਨ ਸਿੰਘ, ਪਾਲਾ ਸਿੰਘ ਮੈਂਬਰ, ਤੇਜਾ ਸਿੰਘ ਸਾਬਕਾ ਸਰਪੰਚ, ਮੇਹਰ ਸਿੰਘ ਅਤੇ ਕਾਲਾ ਸਿੰਘ ਇਹ ਸਾਰੇ ਪਿੰਡ ਗੱਟੀ ਜੱਟਾਂ ਅਤੇ ਅਨਿਲ ਸਿੰਘ ਚੱਕ ਸਿੰਘ ਪੁਰਾ, ਕਾਲਾ ਸਿੰਘ ਕੰਨਿਆ ਖੁਰਦ, ਸੁਰਜੀਤ ਸਿੰਘ ਚੱਕ ਆਦਿ ਬਹੁਤ ਜਿਆਦਾ ਗਿਣਤੀ ਵਿੱਚ ਇਲਾਕੇ ਦੇ ਨਿਵਾਸੀ ਪਹੁੰਚੇ ਸਨ।

ਸਬੰਧਤ ਫੋਟੋ 5 'ਤੇ ਦੇਖੋ

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ

RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ.: 0181-2225427, 2235427
ਪੋਸਟ ਬਾਕਸ ਨੰ 46 info@ajdiawaaz.com

ਕਲਾਸੀਫਾਈਡ

CHANNGE OF NAME

I, Rajinder Singh S/o Balbir Singh R/o V.P.O. Samrari Teh. Phillaur Distt. Jalandhar PB India have changed my name from Rajinder Singh to Rajinder Singh Khangura.

I, Manjinder Kaur Dosanjh W/o Sukhwinder Singh Sahota V.P.O. Dholeta Teh. Phillaur Distt. Jalandhar PB India have changed my name from Manjinder Kaur Dosanjh to Manjinder Kaur Sahota.

I, Surjit Kaur W/o Jagjit Singh R/o V.P.O. Pathlawa Teh. & Distt. Shaheed Bhagat Singh Nagar (Nawanshaher) have changed my name from Surjit Kaur to Davinder Kaur.

I, Pardeep Jain S/o Tarsem Lal Jain R/o H. No. 34/2 Moh. Sheikhan Phillaur Distt. Jalandhar PB India have changed my name from Pardeep Jain to Pardeep Kumar Jain.I, Sukhmail Kaur W/o Kamaljit Singh R/o Vill. Ladian PO Dosanjh Kalan Teh Phillaur Distt. Jalandhar PB India have changed my name from Sukhmail Kaur to Sukhmail Kaur alias Harmail Kaur.

I, Balwinder Kaur W/o Sh. Darshan Singh R/o V.P.O. Ghuduwal, Teh. Shahkot, Distt. Jalandhar State Punjab, India have changed my name from Balwinder Kaur to Kulwinder Kaur after my marriage. All concerned to note.

I, Sukhvir Singh S/o Nirmal R/o H. No B-2/232 Mohalla Sohalan V.P.O. Nurmahal Teh. Phillaur Distt. Jalandhar have change the name of my minor daughters name jasleen Kaur to Jasleen. All please note.

I, Priya W/o Ravinder Singh R/o H.No. 13, Guru Ram Dass Enclave Jalandhar have changed my name as Priya Bajwa. All please note.

I, Ravinder Singh R/o H.No. 13, Guru Ram Dass Enclave, Jalandhar have changed my name as Ravinder Singh Bajwa. All please note.

ਨਾਮ ਬਦਲੀ

ਮੈਂ, ਸੰਸਾਰ ਸਿੰਘ ਪੁੱਤਰ ਜਵਾਲਾ ਰਾਮ ਵਾਸੀ ਪਿੰਡ ਤੇ ਡਾਕਖਾਨਾ ਭੁੰਗਰਨੀ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਮ ਬਦਲ ਕੇ ਸੰਸਾਰ ਚੰਦ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਮਮਤਾ ਪਤਨੀ ਮਹਿੰਦਰ ਪਾਲ ਵਾਸੀ ਮੁਹੱਲਾ ਠੱਠਿਆਰਾ ਫਗਵਾੜਾ (ਕਪੂਰਥਲਾ) ਨੇ ਆਪਣਾ ਨਾਮ ਬਦਲ ਕੇ ਸੁਰਿੰਦਰ ਕੌਰ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਮੋਨਿਕਾ ਰਾਣੀ ਪਤਨੀ ਵਿਕਰਾਂਤ ਦੀਪ ਸਿੰਘ ਵਾਸੀ ਸ਼ਹੀਦ ਉਧਮ ਸਿੰਘ ਨਗਰ ਮਕਾਨ ਨੰ. 68 ਫ਼ਿਰੋਜ਼ਪੁਰ ਸ਼ਹਿਰ ਨੇ ਆਪਣਾ ਨਾਮ ਬਦਲ ਕੇ ਮੋਨਿਕਾ ਰਾਣੀ ਕੰਬੋਜ਼ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ ਸੇਵਕ ਰਾਮ ਪੁੱਤਰ ਸੁੱਚਾ ਸਿੰਘ ਵਾਸੀ ਲੋਪੋਂ (ਮੋਗਾ) ਹਲਫ਼ੀਆ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਨੂੰਹ ਜਸਵਿੰਦਰ ਕੌਰ ਵਿਧਵਾ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ ਮੇਰੀ ਜਾਇਦਾਦ ਦੇ 1/4 ਹਿੱਸੇ ਦੇ ਮਾਲਕ ਮੇਰਾ ਪੋਤਰਾ ਮੰਗਤ ਰਾਮ, ਪੋਤਰੀ ਚਰਨਜੀਤ ਕੌਰ ਵਾਸੀ ਲੋਪੋਂ ਮਾਲਕ ਹੋਣਗੇ। ਸਬੰਧਤ ਨੋਟ ਕਰਨ।

ਮੈਂ, ਰਣਜੀਤ ਕੌਰ ਪਤਨੀ ਲੇਟ ਸੋਹਣ ਸਿੰਘ ਵਾਸੀ ਮਕਾਨ ਨੰਬਰ ਡੀ/7, 2015, ਜੀ-5 ਸੁੰਦਰ ਨਗਰ ਕੋਟ ਖਾਲਸਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ ਉਸਦੀ ਪਤਨੀ ਰਜਨੀ ਮੇਰੇ ਕਹਿਣੇ ਤੋਂ ਬਾਹਰ ਹਨ। ਲੜਦੇ ਝਗੜਦੇ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਬਲਜੀਤ ਕੌਰ, ਗੁਰਪ੍ਰੀਤ ਸਿੰਘ, ਹਰਪ੍ਰੀਤ ਕੌਰ ਦਾ ਉਨ੍ਹਾਂ ਨਾਲ ਕਿਸੇ ਕਿਸਮ ਦਾ ਰਿਸ਼ਤਾ ਨਹੀਂ ਰਹੇਗਾ। ਉਹ ਆਪਣੇ ਕੰਮਾਂ ਲੈਣ-ਦੇਣ ਦੇ ਆਪ ਜ਼ਿੰਮੇਵਾਰ ਹੋਣਗੇ।

ਮੈਂ, ਚਮਨ ਲਾਲ ਪੁੱਤਰ ਅਮਨ ਚੰਦ ਮੁਹੱਲਾ ਬਰੰਮਪੁਰੀ ਅਕਲਪੁਰ ਰੋਡ ਫਿਲੌਰ (ਜਲੰਧਰ) ਮੇਰਾ ਲੜਕਾ ਬਲਜਿੰਦਰ ਪਾਲ ਬੁਰੀ ਸੰਗਤ ਕਾਰਨ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ ਬੂਟਾ ਸਿੰਘ ਪੁੱਤਰ ਚਤਿੰਨ ਸਿੰਘ ਵਾਸੀ ਪਿੰਡ ਕੋਰੇਆਣਾ (ਬਠਿੰਡਾ) ਹਲਫ਼ ਨਾਲ ਬਿਆਨ ਕਰਦਾ ਹਾਂ ਕਿ ਮੇਰਾ ਵੱਡਾ ਲੜਕਾ ਰਾਜਵੀਰ ਸਿੰਘ ਰਾਜਾ (25) ਅਤੇ ਮੇਰੀ ਨੂੰਹ ਜਸਪ੍ਰੀਤ ਕੌਰ ਬੁਰੀ ਸੰਗਤ ਵਿੱਚ ਪੈ ਗਏ ਅਤੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ।

ਮੈਂ ਚੰਦ ਸਿੰਘ ਪੁੱਤਰ ਕਪੂਰ ਸਿੰਘ ਵਾਸੀ ਫਤਿਹਗੜ੍ਹ ਪੰਜਗਰਾਈਆਂ (ਸੰਗਰੂਰ) ਆਪਣੇ ਪੁੱਤਰ ਤਰਨਜੀਤਪਾਲ ਸਿੰਘ ਸੰਧੂ ਤੇ ਨੂੰਹ ਜਗਜੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਹ ਮੇਰੇ ਕਹਿਣ ਤੋਂ ਬਾਹਰ ਹਨ ਤੇ ਮੇਰੇ ਤੋਂ ਵਖਰੇ ਰਹਿੰਦੇ ਹਨ ਤੇ ਮੇਰਾ ਪੋਤਰਾ ਕਾਬਲਤਰਜੀਤ ਸਿੰਘ ਮੇਰੇ ਕਹਿਣੇ ਅੰਦਰ ਹੈ ਤੇ ਮੇਰੇ ਕੋਲ ਰਹਿੰਦਾ ਹੈ।





ਜਨਮ ਦਿਨ ਮੁਬਾਰਕ

ਤਨਰੀਤ ਕੌਰ ਮਾਨਸਾ

ਕਿੰਮੀ ਮਿੱਤਲ ਮਾਨਸਾ

ਅੰਮ੍ਰਿਤਪਾਲ ਸਿੰਘ ਮਾਨਸਾ

ਸ਼ਾਕਸ਼ੀ ਗਰਗ ਮਾਨਸਾ